# ਜਮਾਤ-ਬਾਰ੍ਹਵੀਂ
# ਪੰਜਾਬੀ ਲਾਜ਼ਮੀ
# ਟਰਮ-1 (ਨਵੰਬਰ, 2021)
# 2021-2022

ਸਮਾਂ: 90 ਮਿੰਟ ਲਿਖਤੀ= 40 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | **ਭਾਗ (ੳ): ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ**<br>**ਪਾਠ-ਪੁਸਤਕ ਵਿੱਚੋਂ ਪਹਿਲੀ ਟਰਮ ਵਿੱਚ ਸ਼ਾਮਲ ਭਾਗ:**<br>1. ਪੰਜਾਬੀ ਸੱਭਿਆਚਾਰ: ਡਾ. ਬਰਿੰਦਰ ਕੌਰ<br>2. ਪੰਜਾਬ ਦੇ ਮੇਲੇ ਤੇ ਤਿਉਹਾਰ: ਡਾ. ਐੱਸ.ਐੱਸ. ਵਣਜਾਰਾ ਬੇਦੀ<br>3. ਪੰਜਾਬ ਦੇ ਰਸਮ-ਰਿਵਾਜ: ਸ੍ਰੀ ਗੁਲਜ਼ਾਰ ਸਿੰਘ ਸੰਧੂ<br>4. ਪੰਜਾਬ ਦੀਆਂ ਲੋਕ-ਖੇਡਾਂ: ਸ੍ਰੀ ਸੁਖਦੇਵ ਸਿੰਘ ਮਾਦਪੁਰੀ | 8 |
| 2. | **ਭਾਗ (ਅ): ਪੰਜਾਬੀ ਭਾਸ਼ਾ ਲਿਖਣ ਦਾ ਹੁਨਰ:ਕਾਰ-ਵਿਹਾਰ ਦੇ ਪੱਤਰ, ਸੰਖੇਪ-ਰਚਨਾ**<br>**ਪਾਠ-ਪੁਸਤਕ ਵਿੱਚੋਂ ਪਹਿਲੀ ਟਰਮ ਵਿੱਚ ਸ਼ਾਮਲ ਭਾਗ:** | 16 |
| | **ਕਾਰ-ਵਿਹਾਰ ਦੇ ਪੱਤਰ:** 1 ਤੋਂ 4 ਤੱਕ ਹੱਲ ਕੀਤੇ<br>1 ਤੋਂ 6 ਤੱਕ ਅਭਿਆਸੀ | 3 |
| | **ਸੰਖੇਪ ਰਚਨਾ:** 1 ਤੋਂ 6 ਤੱਕ ਹੱਲ ਕੀਤੀਆਂ<br>1 ਤੋਂ 6 ਤੱਕ ਅਭਿਆਸੀ | 2 |
| | **ਸ਼ਬਦ-ਕੋਸ਼ ਤਰਤੀਬ:** 1 ਤੋਂ 8 ਤੱਕ ਉਦਾਹਰਨ ਦੇ ਤੌਰ 'ਤੇ ਹੱਲ ਕੀਤੇ<br>1 ਤੋਂ 8 ਤੱਕ ਅਭਿਆਸੀ | 2 |
| | **ਵਾਕ-ਵਟਾਂਦਰਾ:**<br>1. ਵਾਕ-ਵਟਾਂਦਰਾ ਦੇ ਉਦਾਹਰਨਾਂ ਵਾਲੇ ਭਾਗ ਵਿੱਚੋਂ 1 ਤੋਂ 6 ਤੱਕ ਵਾਕ-ਵਟਾਂਦਰਾ ਵਾਲੇ ਸਾਰੇ ਵਾਕ।<br>2. ਵਾਕ-ਵਟਾਂਦਰਾ ਦੇ ਪਾਠ-ਅਭਿਆਸ ਦੇ ਪ੍ਰਸ਼ਨ ਨੰ. 2 ਦੇ 1 ਤੋਂ 10 ਤੱਕ ਭਾਗ ਵਾਲੇ ਸਾਰੇ ਵਾਕ।<br>3. | 3 |
| | **ਅਖਾਉਤਾਂ:**<br>1 ਤੋਂ 25 ਤੱਕ ਵਾਕਾਂ ਵਿੱਚ ਵਰਤੀਆਂ ਅਖਾਉਤਾਂ<br>1 ਤੋਂ 5 ਤੱਕ ਅਭਿਆਸੀ ਅਖਾਉਤਾਂ | 6 |

| | | |
|---|---|---|
| 3. | **ਭਾਗ (ੲ): ਪੰਜਾਬੀ ਸਾਹਿਤ:ਕਵਿਤਾਵਾਂ**<br><br>ਪਾਠ-ਪੁਸਤਕ ਵਿੱਚੋਂ ਪਹਿਲੀ ਟਰਮ ਵਿੱਚ ਸ਼ਾਮਲ ਭਾਗ:<br>**ਕਵਿਤਾਵਾਂ:**<br>1. ਟੁਕੜੀ ਜੱਗ ਤੋਂ ਨਿਆਰੀ<br>2. ਪੁਰਾਣੇ ਪੰਜਾਬ ਨੂੰ ਅਵਾਜ਼ਾਂ<br>3. ਵਗਦੇ ਪਾਣੀ<br>4. ਤਾਜ ਮਹਲ<br>5. ਚੁੰਮ-ਚੁੰਮ ਰੱਖੋ | **7** |
| 4. | **ਭਾਗ (ਸ): ਪੰਜਾਬੀ ਸਾਹਿਤ:ਕਹਾਣੀਆਂ**<br>**ਕਹਾਣੀਆਂ:**<br>1. ਸਾਂਝ<br>2. ਨੀਲੀ<br>3. ਆਪਣਾ ਦੇਸ਼ | **9** |
| | ਕੁੱਲ ਅੰਕ | 40 |

**ਨਿਰਧਾਰਿਤ ਪਾਠ-ਪੁਸਤਕ: ਲਾਜ਼ਮੀ ਪੰਜਾਬੀ-12**
**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**

# ਜਮਾਤ-ਬਾਰ੍ਹਵੀਂ
# ਪੰਜਾਬੀ ਲਾਜ਼ਮੀ
## ਟਰਮ-1 (ਨਵੰਬਰ, 2021)
## 2021-2022
## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 90 ਮਿੰਟ ਕੁੱਲ ਅੰਕ (ਲਿਖਤੀ)=40

(1) ਪ੍ਰਸ਼ਨ-ਪੱਤਰ ਦੇ ਕੁੱਲ 4 ਭਾਗ (ੳ), (ਅ), (ੲ) ਤੇ (ਸ) ਹੋਣਗੇ, ਜਿੰਨ੍ਹਾਂ ਵਿੱਚ ਕੁੱਲ 40 ਬਹੁ-ਵਿਕਲਪੀ ਪ੍ਰਸ਼ਨ ਹੋਣਗੇ।

(2) ਹਰੇਕ ਪ੍ਰਸ਼ਨ ਦਾ ਸਹੀ ਉੱਤਰ ਇੱਕ ਅੰਕ ਦਾ ਹੋਵੇਗਾ।

(3) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

(4) ਕਿਸੇ ਵੀ ਗ਼ਲਤ ਉੱਤਰ ਦੇ ਅੰਕ ਨਹੀਂ ਕੱਟੇ ਜਾਣਗੇ।

## ਵਿਸ਼ੇਸ਼ ਹਦਾਇਤਾਂ

ਪਰੀਖਿਆ ਪੱਖੋਂ ਅਧਿਆਪਕਾਂ, ਵਿਦਿਆਰਥੀਆਂ, ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਭਾਗ (ੳ): ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ** **ਕੁੱਲ ਅੰਕ=8**

ਇਸ ਭਾਗ ਵਿੱਚ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ ਨਾਲ ਸੰਬੰਧਿਤ **ਅੱਠ (ਪ੍ਰਸ਼ਨ ਨੰ. 1 ਤੋਂ 8 ਤੱਕ)** ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਇਸੇ ਭਾਗ ਵਿੱਚ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ ਨਾਲ ਸੰਬੰਧਿਤ ਪਾਠਾਂ ਵਿੱਚੋਂ ਇੱਕ ਪੈਰਾ ਦੇ ਕੇ **ਪ੍ਰਸ਼ਨ ਨੰ. 1 ਤੋਂ 5 ਤੱਕ** ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਪੁੱਛੇ ਜਾਣਗੇ। **ਪ੍ਰਸ਼ਨ ਨੰ. 6, 7 ਤੇ 8** ਲੇਖਕ, ਲੇਖਕ ਦੀ ਰਚਨਾ ਤੇ ਪਾਠ ਦੀ ਵਿਸ਼ਾ ਸਮੱਗਰੀ, ਖ਼ਾਲੀ ਥਾਂ ਭਰਨ ਨਾਲ ਸੰਬੰਧਿਤ ਹੋਣਗੇ।

**ਭਾਗ (ਅ): ਪੰਜਾਬੀ ਭਾਸ਼ਾ ਲਿਖਣ ਦਾ ਹੁਨਰ: ਕਾਰ-ਵਿਹਾਰ ਦੇ ਪੱਤਰ, ਸੰਖੇਪ-ਰਚਨਾ** **ਕੁੱਲ ਅੰਕ=16**

ਇਸ ਭਾਗ ਵਿੱਚ ਕੁੱਲ ਸੋਲਾਂ **(ਪ੍ਰਸ਼ਨ ਨੰ. 9 ਤੋਂ 24)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਭਾਗ ਦੀ ਬਹੁ-ਵਿਕਲਪੀ ਪ੍ਰਸ਼ਨਾਂ ਦੀ ਵੰਡ ਇਸ ਤਰ੍ਹਾਂ ਹੋਵੇਗੀ:

- ਕਾਰ-ਵਿਹਾਰ ਦੇ ਪੱਤਰਾਂ ਦੀ ਬਣਤਰ/ਵਿਸ਼ੇ ਨਾਲ ਸੰਬੰਧਿਤ **ਤਿੰਨ (ਪ੍ਰਸ਼ਨ ਨੰ. 9 ਤੋਂ 11)** ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ।
- ਸੰਖੇਪ ਰਚਨਾ ਨਾਲ ਸੰਬੰਧਿਤ ਪਾਠ-ਪੁਸਤਕ ਵਿੱਚੋਂ ਇੱਕ ਪੈਰਾ ਦਿੱਤਾ ਜਾਵੇਗਾ, ਜਿਸ ਵਿੱਚੋਂ **ਦੋ** (**ਪ੍ਰਸ਼ਨ ਨੰ. 12 ਤੋਂ 13 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ। ਉਸ ਵਿੱਚ ਕੋਈ ਦੋ ਲੰਮੇ ਵਾਕਾਂ ਦੇ **ਦੋ** ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਸੰਖੇਪ ਰੂਪ ਅਤੇ ਪੈਰੇ ਦਾ ਸਹੀ ਸਿਰਲੇਖ ਚੁਣਨਾ ਸ਼ਾਮਲ ਹੋਵੇਗਾ।
- ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋ ਸ਼ਬਦ-ਕੋਸ਼ ਤਰਤੀਬ ਨਾਲ ਸੰਬੰਧਿਤ **ਦੋ (ਪ੍ਰਸ਼ਨ ਨੰ. 14 ਤੋਂ 15 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।
- ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋ **ਤਿੰਨ (ਪ੍ਰਸ਼ਨ ਨੰ. 16, 17 ਤੇ 18 ਤੱਕ)** ਬਹੁ-ਵਿਕਲਪੀ ਪ੍ਰਸ਼ਨ ਵਾਕ-ਰੂਪਾਂਤਰਨ/ਵਾਕ-ਵਟਾਂਦਰੇ ਨਾਲ ਸੰਬੰਧਿਤ ਪੁੱਛੇ ਜਾਣਗੇ।
- ਪਾਠ-ਪੁਸਤਕ ਵਿੱਚੋਂ ਅਖਾਉਤਾਂ ਦੇ ਅਰਥਾਂ, ਅਧੂਰੀ ਅਖਾਉਤ ਪੂਰੀ ਕਰਨੀ ਅਤੇ ਵਰਤੋਂ ਦੀਆਂ ਸਥਿਤੀਆਂ ਦੱਸਣ ਨਾਲ ਸੰਬੰਧਿਤ **ਛੇ** (**ਪ੍ਰਸ਼ਨ ਨੰ. 19 ਤੋਂ 24 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

**ਭਾਗ (ੲ): ਪੰਜਾਬੀ ਸਾਹਿਤ:ਕਵਿਤਾਵਾਂ** **ਕੁੱਲ ਅੰਕ=7**

ਪਾਠ-ਪੁਸਤਕ ਵਿੱਚੋਂ ਕਵਿਤਾਵਾਂ **ਦੇ** ਕੇਂਦਰੀ ਭਾਵ, ਕਵੀ/ਕਵਿਤਾ ਦੀ ਜਾਣਕਾਰੀ, ਕਵਿਤਾ ਦਾ ਕਵੀ/ਕਵੀ ਦੀ ਰਚਨਾ ਨਾਲ ਸੰਬੰਧਿਤ **ਸੱਤ (ਪ੍ਰਸ਼ਨ ਨੰ. 25 ਤੋਂ 31 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

**ਭਾਗ (ਸ): ਪੰਜਾਬੀ ਸਾਹਿਤ:ਕਹਾਣੀਆਂ** **ਕੁੱਲ ਅੰਕ=9**

ਪਾਠ-ਪੁਸਤਕ ਵਿੱਚੋਂ ਕਹਾਣੀਆਂ ਦੇ ਕਹਾਣੀਕਾਰ ਦੇ ਨਾਂ, ਪਾਤਰਾਂ, ਘਟਨਾਵਾਂ ਤੇ ਵਿਸ਼ੇ ਨਾਲ ਸੰਬੰਧਿਤ **ਨੌਂ** (**ਪ੍ਰਸ਼ਨ ਨੰ. 32 ਤੋਂ 40 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

**ਨਿਰਧਾਰਿਤ ਪਾਠ-ਪੁਸਤਕ: ਲਾਜ਼ਮੀ ਪੰਜਾਬੀ-12, ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**